INNOVATIVE RESEARCH ORGANISATION
International Journal of Advanced Research in Education, Technology & Management
*(Scholarly Peer Review Publishing System)*

# ਬਲਦੇਵ ਸਿੰਘ ਸੜਕਨਾਮਾ ਦੇ ਨਾਵਲ ਸਤਲੁਜ ਵਹਿੰਦਾ ਰਿਹਾ ਵਿੱਚ ਭਗਤ ਸਿੰਘ ਇੱਕ ਲੋਕ-ਨਾਇਕ ਦੇ ਤੌਰ 'ਤੇ

ਵੱਲੋਂ

ਪ੍ਰੋ.ਰਾਜਵਿੰਦਰ ਕੌਰ
ਪ੍ਰਿੰਸੀਪਲ

ਮੁੱਖੀ ਪੰਜਾਬੀ ਵਿਭਾਗ

ਮਾਤਾ ਸਾਹਿਬ ਕੌਰ ਖਾਲਸਾ ਕਾਲਜ

ਤਲਵੰਡੀ ਭਾਈ

Vol.5, No.1 ISSN:2349-0012

INNOVATIVE RESEARCH ORGANISATION
International Journal of Advanced Research in Education, Technology & Management
(Scholarly Peer Review Publishing System)

# ਬਲਦੇਵ ਸਿੰਘ ਦੇ ਨਾਵਲ ਸਤਲੁਜ ਵਹਿੰਦਾ ਰਿਹਾ ਵਿਚ ਭਗਤ ਸਿੰਘ ਇਕ ਲੋਕ-ਨਾਇਕ ਦੇ ਤੌਰ ਤੇ

ਪ੍ਰਸਿੱਧ ਗਲਪਕਾਰ ਬਲਦੇਵ ਸਿੰਘ ਪੰਜਾਬੀ ਸਾਹਿਤ ਵਿਚ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ ਪੰਜਾਬੀ ਸਾਹਿਤ ਵਿਚ ਉਸਨੇ'ਸੜਕਨਾਮਾ' ਤੇ 'ਲਾਲ ਬੱਤੀ' ਨਾਵਲ ਲਿਖ ਕੇ ਆਪਣੀ ਪਹਿਚਾਣ ਬਣਾਈ। 'ਅੰਨਦਾਤਾ' ਨਾਵਲ ਨਾਲ ਕਿਸਾਨ ਵਰਗ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਤੋਂ ਬਾਅਦ ਇਤਿਹਾਸਕ ਨਾਵਲ ਦੀ ਪ੍ਰਵਿਰਤੀ ਦੇ ਅੰਤਰਗਤ ਭਾਈ ਜੀਵਨ ਸਿੰਘ ਦੀ ਜੀਵਨੀ ਉਪਰ ਅਧਾਰਤ 'ਪੰਜਵਾਂ ਸਾਹਿਬਜ਼ਾਦਾ' ਲਿਖ ਕੇ ਸਿੱਖ ਇਤਿਹਾਸ ਦੇ ਇਸ ਨਾਇਕ ਨੂੰ ਉਸਦਾ ਬਣਦਾ ਰੁਤਬਾ ਦਿਵਾਉਣ ਵਾਲੇ ਕਾਰਜ ਨੂੰ ਬਾਖ਼ੂਬੀ ਨਿਭਾਇਆ ਹੈ। ਇਸ ਇਤਿਹਾਸ ਲੜੀ ਦੇ ਤਹਿਤ ਉਸ ਨੇ ਪੰਜਾਬੀ ਜਨ-ਜੀਵਨ ਵਿਚਲੀ ਲੋਕ-ਮਾਨਸਿਕਤਾ ਦੇ ਧੁਰ ਅੰਦਰ ਵਿਚਰਦੇ ਲੋਕ-ਨਾਇਕ ਭਗਤ ਸਿੰਘ ਦੇ ਸਿਰੜ, ਅਦੁੱਤੀ ਸ਼ਹਾਦਤ ਨੂੰ ਬਿਰਤਾਂਤਕ ਰੂਪ ਵਿਚ ਪੇਸ਼ ਕੀਤਾ ਹੈ। ਭਗਤ ਸਿੰਘ ਦੀ 100-ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਕਰਦਿਆਂ ਉਸ ਦੀ ਸੋਚ ਤੇ ਵਿਚਾਰਧਾਰਾ ਉਪਰ ਪਹਿਰਾ ਦੇਣ ਦੀ ਲੋੜ ਨੂੰ ਮੁੜ ਦਰਸਾਇਆ ਹੈ।

> "ਸਾਡੇ ਦੇਸ਼ ਦੇ ਪੜ੍ਹੇ ਲਿਖੇ ਨੌਜਵਾਨਾਂ ਦਾ ਵੱਡਾ ਹਿੱਸਾ ਭਗਤ ਸਿੰਘ ਨੂੰ ਇਕ ਮਹਾਨ ਯੋਧਾ ਮੰਨਦਾ ਹੈ, ਪਰ ਇਹ ਨਹੀਂ ਜਾਣਦਾ ਕਿ 23 ਵਰ੍ਹਿਆਂ ਦਾ ਇਹ ਨੌਜਵਾਨ ਇਕ ਮਹਾਨ ਚਿੰਤਕ ਵੀ ਸੀ। ਉਸਨੂੰ ਸਮਾਜਵਾਦ, ਪੂੰਜੀਵਾਦ, ਮਾਰਕਸਵਾਦ, ਕਮਿਊਨਿਸਟ, ਧਰਮ, ਦਰਸ਼ਨ, ਰਾਜਾਂ ਦੀ ਉਤਪਤੀ, ਇਨਕਲਾਬਾਂ ਦਾ ਇਤਿਹਾਸ, ਲੋਕ-ਲਹਿਰ ਦੀਆਂ ਸਮੱਸਿਆਵਾਂ, ਵਿਸ਼ਵ ਦੇ ਮਹਾਨ ਕ੍ਰਾਂਤੀਕਾਰੀਆਂ ਦੇ ਜੀਵਨ ਦਾ ਏਨਾ ਗਿਆਨ ਸੀ ਕਿ

Vol.5, No.1 ISSN:2349-0012

INNOVATIVE RESEARCH ORGANISATION
International Journal of Advanced Research in Education, Technology & Management
(Scholarly Peer Review Publishing System)

ਇਹਨਾਂ ਬਾਰੇ ਉਹ ਕਿਸੇ ਵੀ ਵਿਚਾਰਵਾਨ ਜਾਂ ਆਪਣੇ ਸਾਥੀਆਂ ਨਾਲ ਘੰਟਿਆਂ ਬੱਧੀ ਬਹਿਸ ਕਰ ਸਕਦਾ ਸੀ।[1]

ਕੁਰਬਾਨੀ ਜਦੋ ਧਰਮ, ਦੇਸ਼ ਜਾਂ ਸਮੁੱਚੀ ਕੌਮ ਲਈ ਹੋਵੇ ਤਾਂ ਉਹ ਸ਼ਹੀਦੀ ਬਣ ਜਾਂਦੀ ਹੈ, ਸ਼ਹੀਦੀ ਸ਼ਹੀਦ ਹੋਣ ਵਾਲੇ ਦੀ ਹਾਰ ਨਹੀਂ ਬਲਕਿ ਉਸ ਦੀ ਰੂਹਾਨੀ ਜਿੱਤ ਸਮਝੀ ਜਾਂਦੀ ਹੈ, ਸਗੋਂ ਇਸ ਤੋਂ ਵੀ ਵੱਧ ਭਵਿੱਖ ਵਿਚ ਉਸਦੇ ਮੁੱਢਲੇ ਸੁਪਨੇ ਦੇ ਹਕੀਕਤ ਸੰਭਾਵਨਾ ਦਾ ਵਚਨ। ਇੰਜ ਹੀ ਕੁਰਬਾਨੀ ਨੈਤਿਕਤਾ ਦੀ ਜਿੱਤ ਵਿਚ ਧਰੇ ਨਿਸ਼ਚੇ ਦੀ ਆਡੋਲਤਾ ਦਾ ਐਲਾਨ।[2]

'ਸਤਲੁਜ ਵਹਿੰਦਾ ਰਿਹਾ' ਨਾਵਲ ਦਾ ਕਥਾ ਜਗਤ ਵਿਭਿੰਨ ਧਰਾਤਲਾ ਤੇ ਫੈਲਿਆਂ ਹੋਇਆ ਹੈ ਪਰ ਮੇਰੇ ਅਧਿਐਨ ਦਾ ਵਿਸ਼ਾ ਭਗਤ ਸਿੰਘ ਨੂੰ ਲੋਕ-ਨਾਇਕ ਵਜੋਂ ਉਭਾਰਨ ਦਾ ਉਪਰਾਲਾ ਹੈ, ਜਿਵੇਂ ਕਿ ਉਪਰੋਕਤ ਟਿੱਪਣੀ ਵਿਚ ਸ਼ਹੀਦ ਦੀ ਪਰਿਭਾਸ਼ਾ ਦਿੱਤੀ ਗਈ ਹੈ। ਇਸ ਨਾਇਕ ਦੇ ਜੀਵਨ ਉਪਰ ਪੂਰੀ ਤਰ੍ਹਾਂ ਢੁੱਕਦੀ ਹੈ। ਅਸੀਂ ਸਾਰੇ ਹੀ ਭਗਤ ਸਿੰਘ ਦੇ ਜੀਵਨ ਉਸਦੇ ਪਰਿਵਾਰਕ ਪਿਛੋਕੜ, ਉਸ ਦੀ ਦੇਸ਼ ਖਾਤਰ ਸ਼ਹੀਦੀ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ। ਇਹ ਵੀ ਕੋਈ ਛੁਪੀ ਹੋਈ ਗੱਲ ਨਹੀਂ ਕਿ ਸਾਡੀ ਨੌਜਵਾਨ ਪੀੜ੍ਹੀ ਉਸਨੂੰ ਆਪਣਾ ਆਦਰਸ਼ ਮੰਨਦੀ ਹੈ। ਭਗਤ ਸਿੰਘ 'ਕੌਮੀ-ਸ਼ਹੀਦ' ਹੈ। ਉਹ ਪੰਜਾਬੀ ਲੋਕ ਮਾਨਸਿਕਤਾ ਵਿੱਚ ਡੂੰਘਾ ਉੱਤਰ ਚੁੱਕਿਆ ਹੈ। ਲੋਕ ਬੋਲੀਆਂ ਰਾਹੀਂ ਉਸਦੀ ਦੇਸ਼ ਖਾਤਰ ਸ਼ਹੀਦੀ ਨੂੰ ਅੱਜ ਵੀ ਫ਼ਖ਼ਰ ਨਾਲ ਯਾਦ ਕੀਤਾ ਜਾਦਾ ਹੈ। ਭਗਤ ਸਿੰਘ ਦੇ ਜੀਵਨ ਦੀਆਂ ਸਾਰੀਆਂ ਵਿਲੱਖਣਤਾਵਾਂ ਇਸ ਨਾਵਲ ਵਿਚ ਭਲੀ ਭਾਂਤ ਉਜਾਗਰ ਹੁੰਦੀਆਂ ਹਨ। ਜਿਨ੍ਹਾਂ ਨੂੰ 566 ਪੰਨਿਆਂ ਦੇ ਇਸ ਨਾਵਲ ਵਿਚ ਨਾਵਲਕਾਰ ਨੇ ਆਪਣੀ ਤੀਖਣ ਬੁੱਧੀ, ਗਲਪੀ-ਸੂਹਜ ਅਨੁਸਾਰ ਕਲਮਬੰਦ ਕੀਤਾ

Vol.5, No.1 ISSN:2349-0012

INNOVATIVE RESEARCH ORGANISATION
International Journal of Advanced Research in Education, Technology & Management
*(Scholarly Peer Review Publishing System)*

ਭਗਤ ਸਿੰਘ ਦੇ ਪਰਿਵਾਰਕ ਪਿਛੋਕੜ ਵੀ ਦੇਸ਼ ਦੀ ਖਾਤਰ ਕੁਰਬਾਨ ਹੋਣ ਵਾਲਾ ਸੀ। ਇੰਜ ਲਗਦਾ ਸੀ ਜਿਵੇਂ ਦੇਸ਼ ਦੀ ਨਿਸ਼ਕਾਮ ਕੁਰਬਾਨੀ ਉਹਨਾਂ ਦੇ ਪਰਿਵਾਰ ਦੇ ਖੂਨ ਵਿਚ ਸਮਾਈ ਹੋਈ ਸੀ। ਘਰ ਦਾ ਅਜਿਹਾ ਕੁਰਬਾਨੀ ਭਰਿਆ ਮਾਹੌਲ ਉਸ ਦੀ ਸਖਸ਼ੀਅਤ ਵਿਚ ਮਹਾਨ ਗੁਣ ਸਿਰਜਦਾ ਹੈ। ਜੋ ਕਿ ਕਿਸੇ ਵੀ ਮਹਾਨ-ਯੋਧੇ ਤੇ ਲੋਕ-ਨਾਇਕ ਦੀ ਸ਼ਖਸ਼ੀਅਤ ਨੂੰ ਭਰਪੂਰਤਾ ਪ੍ਰਦਾਨ ਕਰਦੇ ਹਨ। ਇਸਦੇ ਨਾਲ ਹੀ ਦੇਸ਼ ਦੀ ਗੁਲਾਮੀ, ਭਾਰਤੀ ਜਨਤਾ ਦੀ ਤਰੱਦੁਦ ਭਰੀ ਸਥਿਤੀ ਤੇ ਅੰਗਰੇਜ਼ਾਂ ਦੀ ਸਮਰਾਜਵਾਦ ਦੀ ਨੀਤੀ ਵੀ ਉਸਦੇ ਮਨ ਵਿਚ ਅਜਿਹੇ ਨਿਜ਼ਾਮ ਨੂੰ ਬਦਲਣ ਲਈ ਕ੍ਰਾਂਤੀਕਾਰੀ ਰੁਚੀਆਂ ਪੈਦਾ ਕਰਦੀ ਹੈ। ਉਸਦੇ ਦੇਸ਼ ਦੀ ਖਾਤਰ ਕੁਝ ਕਰਨ ਦੇ ਜਜ਼ਬੇ ਨੂੰ ਹੁਲਾਰਾ ਮਿਲਦਾ ਹੈ ਕਾਲਜ ਦੇ ਮਾਹੌਲ ਤੋਂ ਤੇ ਖਾਸ ਕਰਕੇ ਹਿਸਟਰੀ ਦੇ ਪ੍ਰੋ. ਜੈ ਚੰਦਰ ਵਿਦਿਆਲੰਕਾਰ ਦੀ ਜੋਸ਼ੀਲੀ ਤੇ ਭਾਵਪੂਰਤ ਤਕਰੀਰ ਤੋਂ ਜਿਸ ਦੀ ਪ੍ਰੇਰਨਾ ਸਦਕਾ ਉਹ ਤੇ ਉਸਦੇ ਸਾਥੀ ਦੇਸ਼ ਦੀ ਰਾਜਨੀਤੀ ਹਾਲਾਤ ਤੇ ਖਾਸ ਤੌਰ'ਤੇ ਸਰਮਾਏਦਾਰੀ ਵਿਵਸਥਾ ਨੂੰ ਖਤਮ ਕਰ ਦਾ ਪ੍ਰਣ ਲੈਂਦੇ ਹਨ। ਇਸੇ ਪ੍ਰੇਰਣਾ ਸਦਕਾ ਹੀ ਭਗਤ ਸਿੰਘ ਗ੍ਰਹਿਸਥੀ ਜੀਵਨ ਤੋਂ ਬਚਣ ਲਈ ਘਰ ਦੱਸੇ ਬਿਨਾਂ ਕੁਝ ਦਿਨਾਂ ਲਈ ਕਾਨ੍ਹਪੁਰ ਚਲਾ ਜਾਂਦਾ ਹੈ ਤੇ ਇੱਥੇ ਆ ਕੇ ਉਸਦੇ ਕ੍ਰਾਂਤੀਕਾਰੀ ਜੀਵਨ ਵਿਚ ਇਕ ਨਵਾਂ ਮੋੜ ਆਉਂਦਾ ਹੈ।

ਬਚਪਨ ਵਿਚ ਹੀ ਉਸਦੇ ਮਨ ਤੇ ਜ਼ਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦਾ ਗਹਿਰਾ ਪ੍ਰਭਾਵ ਪਿਆ। ਫਿਰ ਕਰਤਾਰ ਸਿੰਘ ਸਰਾਭੇ ਦੀ ਛੋਟੀ ਉਮਰ ਦੀ ਸ਼ਹੀਦੀ ਉਸ ਲਈ ਪ੍ਰੇਰਨਾ ਸ੍ਰੋਤ ਬਣੀ। ਉਸਦੇ ਪਰਿਵਾਰ ਦੇ ਦੱਸੇ ਅਨੁਸਾਰ ਉਸਦੇ ਚਾਚੇ ਦੀ ਜੇਲ੍ਹ ਵਿਚ ਕੋਹਲੂ ਚਲਾਉਣ ਕਰਕੇ ਸਿਹਤ ਬਹੁਤ ਖਰਾਬ ਹੋ ਗਈ ਸੀ ਤੇ ਜੇਲ੍ਹ ਵਿਚ ਟੀ. ਬੀ. ਕਾਰਨ ਉਸਦੀ ਮੌਤ ਹੋ ਗਈ। ਦੂਜਾ ਚਾਚਾ ਅਜੀਤ ਸਿੰਘ ਅਜ਼ਾਦੀ ਦੇ ਸੰਘਰਸ਼ ਲਈ ਘਰੋਂ ਬਾਹਰ ਗਿਆ ਪਰ ਕਦੇ ਵਾਪਸ ਨਾ ਆਇਆ। ਜਿਸ ਕਰਕੇ ਉਸ ਨੇ ਘਰ ਦੀਆਂ ਔਰਤਾਂ ਨੂੰ ਹਮੇਸ਼ਾਂ ਹੰਝੂਆਂ ਤੇ ਹਉਕਿਆਂ ਵਿਚ ਵਹਿੰਦਿਆਂ ਵੇਖਿਆ ਸੀ ਉਸਦਾ ਬਾਪ ਕਿਸ਼ਨ ਸਿੰਘ ਵੀ ਸੁਤੰਤਰਤਾ ਅੰਦੋਲਨਾਂ ਵਿਚ ਹਿੱਸਾ ਲੈਂਦਾ ਸੀ ਤੇ ਗ਼ਦਰੀ ਬਾਬਿਆਂ ਦੀ ਪਾਰਟੀ

Vol.5, No.1 ISSN:2349-0012

INNOVATIVE RESEARCH ORGANISATION
International Journal of Advanced Research in Education, Technology & Management
(Scholarly Peer Review Publishing System)

ਦਾ ਪਿੰਡ ਵਿਚ ਸਵਾਗਤ ਕਰਦਾ ਸੀ। ਇਨ੍ਹਾਂ ਸਾਰੇ ਹਾਲਾਤਾਂ ਨੇ ਭਗਤ ਸਿੰਘ ਦੇ ਜੀਵਨ ਵਿੱਚ ਕ੍ਰਾਂਤੀਕਾਰੀ ਬਣਨ ਲਈ ਬਹੁਤ ਵੱਡਾ ਯੋਗਦਾਨ ਪਾਇਆ।

ਨਾਵਲ ਦੇ ਆਰੰਭ ਵਿਚ ਪ੍ਰੋ. ਜੈ ਚੰਦਰ ਵਿਦਿਆਲੰਕਾਰ ਦੀ ਭਗਤ ਸਿੰਘ ਦੇ ਪਰਿਵਾਰਕ ਮਸਲਿਆਂ ਬਾਰੇ ਅਗਵਾਈ, ਭਾਰਤ ਦੇ ਪ੍ਰਾਚੀਨ ਇਤਿਹਾਸ ਦੀ ਵਿਆਖਿਆ, ਵੇਦਾਂ ਸ਼ਾਸਤਰਾਂ ਮਹਾਂਭਾਰਤ, ਰਮਾਇਣ, ਸਿਕੰਦਰ ਮਹਾਨ ਦੇ ਭਾਰਤ ਉਪਰ ਹਮਲੇ, ਤੁਰਕਾਂ ਮਗਰੋਂ ਬਾਬਰ ਦੇ ਰਾਜ ਦੀ ਜਾਣਕਾਰੀ ਦਿੰਦਾ ਹੋਇਆ ਜਦੋਂ ਨੈਸ਼ਨਲ ਕਾਲਜ ਲਾਹੌਰ ਦੇ ਵਿਦਿਆਰਥੀਆਂ ਨੂੰ ਬਰਤਾਨਵੀਂ ਸਾਮਰਾਜਵਾਦ ਦੇ ਬਸਤੀਵਾਦੀ ਰਾਜ ਤੱਕ ਲੈ ਆਉਂਦਾ ਹੈ ਤਾਂ ਭਗਤ ਸਿੰਘ ਤੇ ਉਸਦੇ ਸਾਰੇ ਸਾਥੀਆਂ ਦੇ ਮਨਾਂ ਵਿਚ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਵਿਦਰੋਹੀ ਭਾਵਨਾ ਪ੍ਰਬਲ ਹੋ ਉਠਦੀ ਹੈ।

> "...ਨਾ ਗਾਂਧੀ ਤੋਂ ਅੰਗਰੇਜ਼ਾਂ ਨੂੰ ਕੋਈ ਖ਼ਤਰਾ ਹੈ, ਨਾ ਅੰਗਰੇਜ਼ਾਂ ਤੋਂ ਗਾਂਧੀ ਨੂੰ ਕੋਈ ਖਤਰਾ ਹੈ। ਸਾਡੇ ਜੁਝਾਰੂ ਸਾਥੀ ਆਪਣੀਆਂ ਜਾਨਾਂ ਤਲੀ ਤੇ ਰੱਖ ਕੇ ਲੜਦੇ ਹਨ ਤੇ ਅੰਗਰੇਜ਼ਾਂ ਨੂੰ ਇੱਥੋਂ ਕੱਢਣ ਲਈ ਜਾਨਾਂ ਤੱਕ ਵਾਰ ਰਹੇ ਹਨ ਅਸੀਂ ਇਸ ਲੜਾਈ ਨੂੰ ਅੱਗੇ ਲਿਜਾਣਾ ਹੈ। ਗਾਂਧੀ ਦੀ ਅਹਿੰਸਾ ਨੀਤੀ ਸਾਡੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੀ, ਨਾ ਹੀ ਖਾਏਗੀ। ਲਾਲਾ ਹਰਦਿਆਲ ਨੇ ਕਿਹਾ ਸੀ 'ਬੇਨਤੀਆਂ ਕਰਨ ਦਾ ਸਮਾਂ ਲੰਘ ਗਿਆ ਹੈ, ਹੁਣ ਤਲਵਾਰ ਚੁੱਕਣ ਦਾ ਵਕਤ ਆ ਗਿਆ ਹੈ। ਗੁਰੂ ਗੋਬਿੰਦ ਸਿੰਘ ਦੀ ਫਿਲਾਸਫ਼ੀ ਵੀ ਇਹੀ ਹੈ... ਜਦੋਂ ਸਾਰੇ ਹੀਲੇ ਮੁੱਕ ਜਾਂਦੇ ਨੇ ਤਲਵਾਰ ਚੁੱਕਣੀ ਜਾਇਜ਼ ਹੈ। ਸਾਡਾ ਰਾਹ ਲੈਨਿਨ ਦਾ ਰਾਹ ਹੈ, ਸਾਡਾ ਰਾਹ ਫਰਾਂਸ ਦੇ ਕ੍ਰਾਂਤੀਕਾਰੀ ਵੇਲਾ ਦਾ ਰਾਹ ਹੈ। ਅਸੀਂ ਇਸ ਦੇਸ਼ ਨੂੰ ਮਾਰਕਸ, ਏਂਗਲਜ਼

INNOVATIVE RESEARCH ORGANISATION
International Journal of Advanced Research in Education, Technology & Management
*(Scholarly Peer Review Publishing System)*

ਦੇ ਸੁਪਨਿਆਂ ਦਾ ਦੇਸ਼ ਬੁਲਾਉਣਾ ਹੈ। ਤੁਸੀਂ ਕੱਲ੍ਹ ਦਾ ਭਾਰਤ ਹੋ ਪਿਆਰੇ ਵਿਦਿਆਰਥੀਓ...ਦੈਟਸ ਆਲ...ਥੈਂਕਸ।"[3]

ਪ੍ਰੋਫ਼ੈਸਰ ਦੀ ਅਜਿਹੀ ਭਾਵਪੂਰਤ ਤਕਰੀਰ ਤੇ ਦੇਸ਼ ਬਾਰੇ ਅੰਗਰੇਜ਼ਾਂ ਦੀ ਨੀਤੀ ਬਾਰੇ ਜਾਣ ਕੇ ਭਗਤ ਸਿੰਘ ਦੇਸ਼ ਦੀ ਖਾਤਰ ਜਾਨ ਦੇਣ ਦਾ ਪ੍ਰਣ ਕਰਦਾ ਹੈ, ਉਹ ਸਰਮਾਏਦਾਰੀ ਤੇ ਪੂੰਜੀਵਾਦੀ ਸਮਾਜ ਦੀਆਂ ਜੜ੍ਹਾਂ ਉਖਾੜਨ ਦਾ ਨਿਸ਼ਚਾ ਕਰਦਾ ਹੈ। ਉਹ ਵੱਖ-ਵੱਖ ਦੇਸ਼ਾਂ ਦੀਆਂ ਕ੍ਰਾਂਤੀਆਂ ਦਾ ਇਤਿਹਾਸ ਇਕੱਠਾ ਕਰਕੇ ਉਨ੍ਹਾਂ ਦੀ ਜਾਣਕਾਰੀ ਇਕੱਤਰ ਕਰਨਾ ਚਾਹੁੰਦਾ ਹੈ। ਇਸ ਸਾਰੇ ਕਾਰਜ ਵਿਚ ਨੈਸ਼ਨਲ ਕਾਲਜ ਦੇ ਪ੍ਰੋਫ਼ੈਸਰ, ਕਾਲਜ ਦੀ ਲਾਇਬ੍ਰੇਰੀ ਅਤੇ ਦਵਾਰਕਾ ਦਾਸ ਦੀ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਰਾਜਾ ਰਾਮ ਸ਼ਾਸਤਰੀ ਨਾਲ ਨਿੱਜੀ ਸੰਪਰਕ ਉਸ ਲਈ ਕਾਫ਼ੀ ਮੱਦਦਗਾਰ ਸਾਬਤ ਹੁੰਦੇ ਹਨ।

ਭਗਤ ਸਿੰਘ ਸਿਰਫ਼ ਇਕ ਕ੍ਰਾਂਤੀਕਾਰੀ ਹੀ ਨਹੀਂ ਸਗੋਂ ਬੌਧਿਕ ਤੌਰ ਤੇ ਸੁਲਝਿਆ ਹੋਇਆ ਵਿਦਵਾਨ ਵੀ ਸੀ ਜਿਸ ਨੇ ਪਹਿਲਾਂ ਸਾਰੇ ਦੇਸ਼ਾਂ ਦੀ ਕ੍ਰਾਂਤੀ ਦੇ ਇਤਿਹਾਸ ਨੂੰ ਪੜ੍ਹਿਆ ਤੇ ਫਿਰ ਆਪਣੇ ਆਜ਼ਾਦੀ ਦੇ ਸੰਘਰਸ਼ ਵਿਚ ਉਸ ਤੋਂ ਸੇਧ ਲਈ। ਉਸ ਨੇ ਇੱਕ ਵਿਦਵਾਨ ਹੋਣ ਦੇ ਨਾਤੇ ਕਈ ਅਖਬਾਰਾਂ ਵਿਚ ਲੁਕ ਛੁੱਪ ਕੇ ਕ੍ਰਾਂਤੀਕਾਰੀ ਲਹਿਰ ਬਾਰੇ ਲੇਖ ਵੀ ਦਿੱਤੇ। ਜਿੰਨ੍ਹਾਂ ਰਾਹੀਂ ਉਹ ਆਪਣੇ ਨੌਜਵਾਨ ਵਰਗ ਨੂੰ ਦੇਸ਼ ਦੀ ਸੇਵਾ ਲਈ ਸੰਘਰਸ਼ ਵਿੱਢਣ ਲਈ ਜਥੇਬੰਦ ਕਰਨਾ ਚਾਹੁੰਦਾ ਸੀ। ਉਹ 'ਪ੍ਰਤਾਪ ਪ੍ਰੈੱਸ' ਅਤੇ 'ਕਿਰਤੀ' ਦੇ ਅੰਕ ਵਿਚ ਕ੍ਰਾਂਤੀਕਾਰੀਆਂ ਦੇ ਕਾਰਨਾਮਿਆਂ ਬਾਰੇ ਜਾਣਕਾਰੀ ਵੀ ਪ੍ਰਕਾਸ਼ਤ ਕਰਦਾ। ਉਹ ਆਪਣੇ ਕ੍ਰਾਂਤੀਕਾਰੀ ਜੀਵਨ ਵਿਚ ਕੋਈ ਵੀ ਅਜਿਹਾ ਐਕਸ਼ਨ ਨਹੀਂ ਕਰਨਾ ਚਾਹੁੰਦਾ ਜੋ ਕਿ ਉਸਦੇ ਮੁਖ ਮਕਸਦ ਦੇ ਰਸਤੇ ਵਿਚ ਰੁਕਾਵਟ ਸਿੱਧ ਹੋਵੇ, ਪਰ ਪਾਰਟੀ ਦੇ ਅਸੂਲਾਂ ਦੀ ਖਾਤਰ ਉਸ ਨੂੰ ਇਕ ਦੋ ਵਾਰੀ ਚੋਰੀ ਡਾਕੇ ਦਾ ਵੀ ਸਹਾਰਾ ਲੈਣਾ ਪਿਆ ਜੋ ਕਿ ਉਸ ਅਨੁਸਾਰ

Vol.5, No.1 ISSN:2349-0012

INNOVATIVE RESEARCH ORGANISATION
International Journal of Advanced Research in Education, Technology & Management
(Scholarly Peer Review Publishing System)

ਇਸ ਸਮੇਂ ਦੌਰਾਨ ਉਹ ਬਾਕੁਨਿਨ, ਮਾਰਕਸ ਤੇ ਲੈਨਿਨ ਬਾਰੇ ਕਾਫ਼ੀ ਕੁੱਝ ਜਾਣ ਚੁੱਕਾ ਹੈ ਪਰ ਫਿਰ ਵੀ ਉਸ ਦੀ ਜਾਣਕਾਰੀ ਇਕੱਤਰ ਕਰਨ ਦੀ ਜਗਿਆਸਾ ਕਦੀ ਵੀ ਤ੍ਰਿਪਤ ਨਹੀਂ ਹੁੰਦੀ। ਉਹ ਫਾਂਸੀ ਦੇ ਦਿਨ ਤੱਕ ਵੀ ਆਪਣੀ ਇਸ ਜਗਿਆਸਾ ਨੂੰ ਤ੍ਰਿਪਤ ਕਰਨ ਲਈ ਇਕ ਨਵੀਂ ਕਿਤਾਬ ਸ਼ੁਰੂ ਕਰ ਦਿੰਦਾ ਹੈ ਬੇਸ਼ਕ ਉਹ ਸਮੇਂ ਦੀ ਕਮੀ ਕਾਰਨ ਅਧੂਰੀ ਹੀ ਰਹਿ ਜਾਂਦੀ ਹੈ।

ਭਗਤ ਸਿੰਘ ਇਕ ਸੱਚਾ ਕ੍ਰਾਂਤੀਕਾਰੀ ਸੀ ਜਿਸਦੀ ਲੜਾਈ ਸਿਰਫ਼ ਅੰਗਰੇਜ਼ੀ ਰਾਜ ਵਿਰੁੱਧ ਨਹੀਂ ਸਗੋਂ ਸਰਮਾਏਦਾਰੀ ਰਾਜ ਨਾਲ ਸੀ।ਉਸ ਅਨੁਸਾਰ ਸਮਾਜਵਾਦੀ ਰਾਜ ਹੋਣਾ ਚਾਹੀਦਾ ਹੈ। ਉਹ ਅੰਗਰੇਜ਼ਾਂ ਦੀ ਬਸਤੀਵਾਦੀ ਨੀਤੀ ਤੋਂ ਦੁੱਖੀ ਹੋਣ ਦੇ ਨਾਲ-ਨਾਲ ਭਾਰਤੀ ਨੇਤਾਵਾਂ ਦੀ ਦੂਹਰੀ ਰਾਜਨੀਤੀ ਤੋਂ ਵੀ ਦੇਸ਼ ਨੂੰ ਬਚਾਉਣਾ ਚਾਹੁੰਦਾ ਸੀ।

ਜਦੋਂ ਸਾਈਮਨ ਕਮੀਸ਼ਨ ਦੇ ਭਾਰਤ ਆਉਣ ਬਾਰੇ ਉਨ੍ਹਾਂ ਨੂੰ ਪਤਾ ਚਲਦਾ ਹੈ ਤਾਂ ਉਹ ਹਰ ਸੰਭਵ ਕੋਸ਼ਿਸ਼ ਕਰਦੇ ਹਨ ਕਿ ਉਸ ਨੂੰ ਭਾਰਤ ਨਾ ਆਉਣ ਦਿੱਤਾ ਜਾਵੇ ਜੇ ਪਹੁੰਚ ਜਾਵੇ ਤਾਂ ਉਸ ਦਾ ਅਜਿਹਾ ਸਵਾਗਤ ਹੋਵੇ ਕਿ ਉਹ ਵਾਪਸ ਜਾਣ ਲਈ ਮਜ਼ਬੂਰ ਹੋ ਜਾਵੇ ਪਰ ਇਥੇ ਵੀ ਜਿਵੇਂ ਉਹਨਾਂ ਦੇ ਸੰਘਰਸ਼ ਉਪਰ ਬਲਦੀ 'ਤੇ ਤੇਲ ਪਾਉਣ ਵਾਲੀ ਗੱਲ ਹੁੰਦੀ ਹੈ। ਜਦੋਂ 'ਗੋ ਬੈਕ ਸਾਇਮਨ', 'ਅੰਗਰੇਜ਼ ਸਾਮਰਾਜ ਮੁਰਦਾਬਾਦ' ਅਤੇ 'ਇੰਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਇਕੱਠੀ ਭੀੜ ਬੇਕਾਬੂ ਹੋਣ ਲਗਦੀ ਹੈ ਤਾਂ ਸਕਾਟ ਲਾਠੀਚਾਰਜ ਦਾ ਹੁਕਮ ਦਿੰਦਾ ਹੈ। ਇਸ ਲਾਠੀਚਾਰਜ ਵਿਚ ਲਾਲਾ ਲਾਜਪਤ ਰਾਏ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਤੇ ਅੰਦਰੂਨੀ ਸੱਟਾਂ ਦੀ ਤਾਬ ਨਾ ਝੱਲਦੇ ਹੋਏ ਪ੍ਰਾਣ ਤਿਆਗ ਦਿੰਦੇ ਹਨ। ਉਨ੍ਹਾਂ ਦੀ ਅਜਿਹੀ ਦਰਦਨਾਕ ਮੌਤ ਕ੍ਰਾਂਤੀਕਾਰੀਆਂ ਨੂੰ ਹਿੰਸਕ ਬਣਨ ਲਈ ਮਜ਼ਬੂਰ ਕਰਦੀ ਹੈ।

> "...ਅੰਗਰੇਜ਼ਾਂ ਨੂੰ ਦੱਸਣਾ ਹੈ, 'ਲਹੂ ਦਾ ਬਦਲਾ ਲਹੂ' ਜੇ ਅੰਗਰੇਜ਼ ਇੱਕ ਭਾਰਤੀ ਨੂੰ ਮਾਰਨਗੇ ਤਾਂ ਅਸੀ 10 ਅੰਗਰੇਜ਼ ਮਾਰਾਂਗੇ...। ਹੁਣ ਸਿੱਧੀ

Vol.5, No.1 ISSN:2349-0012

INNOVATIVE RESEARCH ORGANISATION
International Journal of Advanced Research in Education, Technology & Management
*(Scholarly Peer Review Publishing System)*

ਲੜਾਈ ਹੋਵੇਗੀ, ਮਾਰ ਦਿਆਂਗੇ ਜਾਂ ਮਰ ਜਾਵਾਂਗੇ। ਦੂਸਰੀ ਗੱਲ ਅਸੀਂ ਸਕਾਟ ਨੂੰ ਸੜਕ ਤੇ ਨਹੀਂ ਉਸਦੇ ਦਫ਼ਤਰ ਵਿਚ ਮਾਰਾਂਗੇ। ਇਸ ਤਰ੍ਹਾਂ ਲੋਕਾਂ ਦੇ ਮਨਾਂ ਵਿਚ ਅੰਗਰੇਜ਼ਾਂ ਦੀ ਦਹਿਸ਼ਤ ਘਟੇਗੀ।[4]

ਸਾਈਮਨ ਦੇ ਵਿਰੋਧ ਵਿਚ ਭਾਰਤ ਦੇ ਲੋਕਾਂ ਦੇ ਇਕੱਠ ਉਪਰ ਲਾਠੀਚਾਰਜ ਦਾ ਹੁਕਮ ਸਕਾਟ ਨੇ ਦਿੱਤਾ ਸੀ ਜਿਸ ਕਰਕੇ ਭਾਰਤ ਦੀ ਜਨਤਾ ਨੂੰ ਆਪਣਾ ਹਰਮਨ ਪਿਆਰਾ ਨੇਤਾ ਲਾਲਾ ਲਾਜਪਤ ਰਾਏ ਨੂੰ ਗਵਾਉਣਾ ਪਿਆ ਸੀ ਇਸ ਦਾ ਬਦਲਾ ਲੈਣ ਲਈ ਭਗਤ ਸਿੰਘ ਤੇ ਸਾਥੀ ਸਕਾਟ ਨੂੰ ਮਾਰਨ ਦੀ ਸਾਜਿਸ਼ ਰਚਦੇ ਹਨ ਪਰ ਇਸ ਵਿਚ ਨਿਸ਼ਾਨਾ ਸਾਂਡਰਸ ਬਣ ਜਾਂਦਾ ਹੈ। ਇਸ ਵਾਰਦਾਤ ਤੋਂ ਬਾਅਦ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਅੰਗਰੇਜ਼ਾਂ ਵੱਲੋਂ ਖ਼ਤਰਨਾਕ ਹਿੰਸਾਵਾਦੀ ਕਰਾਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ।

ਆਪਣੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਦੇਸ਼ ਵਿਆਪੀ ਲਹਿਰ ਬਣਾਉਣ ਲਈ ਭਗਤ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ 'ਨੌਜਵਾਨ ਭਾਰਤ ਸਭਾ' ਅਤੇ ਬਾਅਦ ਵਿਚ ਦੇਸ਼ ਦੇ ਦੂਜੇ ਕ੍ਰਾਂਤੀਕਾਰੀਆਂ ਦੀ ਅਗਵਾਈ ਵਿਚ ਸਰਬ ਹਿੰਦ ਪੱਧਰ ਤੇ 'ਹਿੰਦੁਸਤਾਨ ਸ਼ੋਸਲਿਸਟ ਰੀਪਬਲੀਕਨ ਐਸੋਸੀਏਸ਼ਨ' ਦੀ ਸਥਾਪਨਾ ਕੀਤੀ। ਉਹ ਦੇਸ਼ ਵਿਚ ਚਲ ਰਹੇ ਦੂਜੇ ਅਹਿੰਸਾਵਾਦੀ ਅੰਦਲੋਨਾਂ ਨੂੰ ਰੱਦ ਕਰਦੇ ਹੋਏ ਹਿੰਸਾਵਾਦੀ ਲੀਹਾਂ ਤੇ ਚੱਲ ਕੇ ਸਰਮਾਏਦਾਰੀ ਸਮਾਜ ਦੀ ਵਿਰੋਧਤਾ ਕਰਦਾ ਹੈ ਤੇ ਦੇਸ਼ ਵਿੱਚ ਵਰਗ ਰਹਿਤ ਸਮਾਜ ਦੀ ਸਥਾਪਨਾ ਕਰਨ ਦੇ ਸੰਘਰਸ਼ ਨੂੰ ਸਰਗਰਮ ਕਰਨ ਲਈ ਜੁਟ ਜਾਂਦਾ ਹੈ। ਉਹ ਸਿਰਫ਼ ਅੰਗਰੇਜ਼ੀ ਸਾਮਰਾਜ ਦਾ ਹੀ ਵਿਰੋਧ ਨਹੀਂ ਕਰਦਾ ਬਲਕਿ ਭਾਰਤੀ ਪੂੰਜੀਵਾਦੀ ਵਰਗ ਤੋਂ ਵੀ ਦੇਸ਼ ਨੂੰ ਮੁਕਤ ਕਰਵਾਉਣਾ ਚਾਹੁੰਦਾ ਹੈ। ਇਨ੍ਹਾਂ ਕਰਵਾਈਆਂ ਦੇ ਚਲਦੇ ਹੀ ਉਹ ਅੰਗਰੇਜ਼ਾਂ ਦੀ ਬੋਲੀ ਹਕੂਮਤ ਦੇ ਕੰਨ ਖੋਲ੍ਹਣ ਤੇ ਜਨਤਾ ਵਿਰੋਧੀ ਬਿੱਲਾਂ ਦਾ ਵਿਰੋਧ ਕਰਨ ਲਈ ਅਸੈਂਬਲੀ ਵਿਚ ਬੰਬ

Vol.5, No.1 ISSN:2349-0012

INNOVATIVE RESEARCH ORGANISATION
International Journal of Advanced Research in Education, Technology & Management
(Scholarly Peer Review Publishing System)

ਦੀਆਂ ਨੀਤੀਆਂ ਤੋਂ ਜਾਣੂ ਕਰਵਾਉਣਾ ਚਾਹੁੰਦੇ ਸੀ। ਅਜਿਹੀ ਦੂਰ ਅੰਦੇਸ਼ੀ ਭਗਤ ਸਿੰਘ ਆਪਣੇ ਕ੍ਰਾਂਤੀਕਾਰੀ ਇਤਿਹਾਸ ਤੋਂ ਇਕੱਤਰ ਕੀਤੇ ਗਿਆਨ ਦੇ ਅਧਾਰ ਦੇ ਜ਼ਾਹਰ ਕਰਦਾ ਹੈ। ਉਹ ਬੰਬ ਸੁੱਟਣ ਤੋਂ ਬਾਅਦ ਆਪਣੀ ਗ੍ਰਿਫਤਾਰੀ ਦੇ ਦਿੰਦੇ ਹਨ ਤੇ ਉਨ੍ਹਾਂ ਉਪਰ ਮੁਕੱਦਮਾ ਚਲਾਇਆ ਹੈ। ਝੂਠੇ ਸਰਕਾਰੀ ਗਵਾਹ ਪੇਸ਼ ਕੀਤੇ ਜਾਂਦੇ ਹਨ, ਉਸ ਦੇ ਕਈ ਸਾਥੀਆਂ ਨੂੰ ਤਸੀਹੇ ਦੇ ਕੇ ਵਾਅਦਾ ਮੁਆਫ਼ ਗਵਾਹ ਬਣਨ ਲਈ ਮਜਬੂਰ ਕੀਤਾ ਜਾਦਾ ਹੈ। ਜੇਲ੍ਹ ਵਿਚ ਰਹਿ ਕੇ ਭਗਤ ਸਿੰਘ ਵਾਰ-ਵਾਰ ਮੁੱਕਦਮੇ ਦੀ ਕਾਰਵਾਈ ਵਿਚ ਵਿਘਨ ਪਾਉਂਦਾ ਹੈ ਤਾਂ ਜੋ ਉਹ ਦੁਨੀਆਂ ਭਰ ਵਿਚ ਅੰਗਰੇਜ਼ਾਂ ਦੀ ਨਿਆਂ ਪ੍ਰਣਾਲੀ ਦਾ ਪਰਦਾ ਫਾਸ਼ ਕਰ ਸਕੇ। ਉਹ ਪ੍ਰੈੱਸ ਨੋਟ ਵਿਚ ਆਪਣੇ ਬਿਆਨ ਭੇਜ ਕੇ ਜੇਲ੍ਹ ਵਿਚ ਹੁੰਦੇ ਉਨ੍ਹਾਂ ਨਾਲ ਦੂਰ ਵਿਵਹਾਰ ਨੂੰ ਜਨਤਾ ਸਾਹਮਣੇ ਲਿਆਉਂਦਾ ਹੈ। ਜਦੋਂ ਕਿ ਉਹ ਆਪਣੇ ਆਪ ਨੂੰ ਦੇਸ਼ ਦੀ ਸੇਵਾ ਖਾਤਰ ਜੇਲ੍ਹ ਵਿਚ ਆਏ ਦੱਸ ਕੇ ਜੰਗੀ ਕੈਦੀਆਂ ਵਾਲੀਆਂ ਸਹੂਲਤਾਂ ਦੀ ਮੰਗ ਕਰਦਾ ਹੈ ਤੇ ਅਜਿਹੀ ਹੀ ਸ਼ਹਾਦਤ ਚਾਹੁੰਦਾ ਹੈ।

> "ਅਸੀਂ ਮੰਗ ਕਰਦੇ ਹਾਂ ਕਿ ਸਾਡੇ ਨਾਲ ਜੰਗੀ ਕੈਦੀਆਂ ਵਾਲਾ ਸਲੂਕ ਕੀਤਾ ਜਾਵੇ। ਯਾਨੀ ਕਿ ਫ਼ਾਂਸੀ ਤੇ ਲਟਕਾਉਣ ਦੀ ਬਜਾਏ ਸਾਨੂੰ ਗੋਲੀਆਂ ਨਾਲ ਉਡਾਇਆ ਜਾਵੇ।"[5]

ਉਸ ਉਪਰ ਚਲ ਰਹੇ ਮੁਕੱਦਮੇ ਦੀ ਕਾਰਵਾਈ ਦੀ ਪੈਰਵੀਂ ਉਸਦੇ ਪਰਿਵਾਰ ਤੇ ਉਸਦੇ ਸਾਥੀਆਂ ਦੇ ਪਰਿਵਾਰਾਂ ਵੱਲੋਂ ਕੀਤੀ ਜਾਂਦੀ ਹੈ। ਉਸਨੂੰ ਫ਼ਾਂਸੀ ਦੀ ਸਜ਼ਾ ਹੋ ਜਾਣ ਤੋਂ ਬਾਅਦ ਉਸਦਾ ਪਿਤਾ ਵਕੀਲ ਦੀ ਸਲਾਹ ਨਾਲ ਅਪੀਲ ਕਰਨ ਬਾਰੇ ਜਦੋਂ ਭਗਤ ਸਿੰਘ ਤੋਂ ਪੁੱਛਦਾ ਹੈ ਤਾਂ ਉਹ ਅਜਿਹਾ ਨਹੀਂ ਕਰਨਾ ਚਾਹੁੰਦਾ ਕਿਉਂਕਿ ਉਸ ਅਨੁਸਾਰ ਅਜਿਹਾ ਕਰਕੇ ਉਹ ਆਪਣੇ ਅਸੂਲਾਂ ਦੀ

Vol.5, No.1 ISSN:2349-0012

INNOVATIVE RESEARCH ORGANISATION
International Journal of Advanced Research in Education, Technology & Management
*(Scholarly Peer Review Publishing System)*

"ਮੇਰੀ ਜ਼ਿੰਦਗੀ ਏਨੀ ਕੀਮਤੀ ਨਹੀਂ, ਜਿੰਨੀ ਆਪ ਖਿਆਲ ਕਰਦੇ ਹੋ,

ਘੱਟ ਤੋਂ ਘੱਟ ਮੇਰੇ ਲਈ ਏਨੀ ਕੀਮਤੀ ਨਹੀਂ ਕਿ ਇਸਨੂੰ ਅਸੂਲਾਂ ਦੀ

ਕੁਰਬਾਨੀ ਕਰਨ ਦੀ ਕੀਮਤ ਤੋਂ ਬਚਾਇਆ ਜਾਵੇ।"[36]

ਭਗਤ ਸਿੰਘ ਅਨੁਸਾਰ ਉਨ੍ਹਾਂ ਦਾ ਮਕਸਦ ਪੂਰੇ ਦੇਸ਼ ਦੇ ਨੌਜਵਾਨਾਂ ਨੂੰ ਅਜ਼ਾਦੀ ਦੇ ਸੰਘਰਸ਼ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨਾ ਹੈ। ਇਹ ਕੰਮ ਉਹ ਜੇਲ੍ਹ ਵਿਚ ਬੈਠ ਕੇ ਵੀ ਅਖ਼ਬਾਰਾਂ ਰਾਹੀਂ ਕਰ ਰਿਹਾ ਹੈ। ਉਸਨੂੰ ਆਪਣਾ ਸੁਪਨਾ ਸਾਕਾਰ ਹੁੰਦਾ ਨਜ਼ਰ ਆਉਂਦਾ ਹੈ। ਇਸ ਕਰਕੇ ਉਹ ਫ਼ਾਂਸੀ ਦੀ ਸਜ਼ਾ ਨੂੰ ਘੋੜੀ ਚੜ੍ਹਨ ਦੇ ਚਾਅ ਵਾਂਗ ਪ੍ਰਵਾਨ ਕਰਦਾ ਹੈ। ਫ਼ਾਂਸੀ ਦੀ ਸਜ਼ਾ ਮੁਕੱਰਰ ਹੋ ਜਾਣ ਤੋਂ ਬਾਅਦ ਵੀ ਉਸਦੀ ਜੁਝਾਰੂ ਪ੍ਰਵਿਰਤੀ ਵਿਚ ਕੋਈ ਫ਼ਰਕ ਨਹੀਂ ਪੈਂਦਾ। ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ ਜਦੋਂ ਉਹ ਆਖਰੀ ਦਿਨਾਂ ਵਿਚ ਵੀ ਕਿਤਾਬਾਂ ਮੰਗਵਾਉਣ ਲਈ ਇਕ ਲੰਬੀ ਲਿਸਟ ਜੇਲ੍ਹ ਤੋਂ ਬਾਹਰ ਭੇਜਦਾ ਹੈ।

"ਮੈਟੀਰੀਅਲਿਜ਼ਮ .....ਕਾਰਲ ਲਿਬ ਨੈਖਤ

ਵਾਈਮੈਨ ਫਾਈਟ .... ਬੀ ਰੱਸਲ

... ... ....

ਲੈਂਡ ਰੈਵੂਲਿਊਸ਼ਨ ਇੰਨ ਰਸ਼ੀਆ

ਅਤੇ ਅਪਟਨ ਸਿੰਕਲੇਅਰ ਦੀ 'ਸਪਾਈ'"[37]

ਉਸਦੇ ਦੇਸ਼ ਲਈ ਸ਼ਹੀਦ ਹੋਣ ਦੇ ਸਿਰੜ ਤੇ ਸ਼ਿੱਦਤ ਵਿਚ ਅਖੀਰਲੇ ਪਲ ਤੱਕ ਵੀ ਕੋਈ ਫ਼ਰਕ ਨਹੀਂ ਪੈਂਦਾ। ਸਜ਼ਾ ਦੇ ਦਿਨ ਬੇਸ਼ੱਕ ਨੇੜੇ ਆ ਰਹੇ ਹੁੰਦੇ ਹਨ ਫਿਰ ਵੀ ਉਹ ਆਪਣੇ ਵਿਚਾਰ ... ਨਹੀਂ ਚਾਹੁੰਦਾ। ਉਹ ਸਮੇਂ-ਸਮੇਂ

INNOVATIVE RESEARCH ORGANISATION
International Journal of Advanced Research in Education, Technology & Management
(Scholarly Peer Review Publishing System)

''ਅਸੀਂ ਇਹ ਐਲਾਨ ਕਰਦੇ ਹਾਂ ਕਿ ਇੱਕ ਯੁੱਧ ਚਲ ਰਿਹਾ ਹੈ ਤੇ
ਇਹ ਤਦ ਤੱਕ ਜਲਦਾ ਰਹੇਗਾ ਜਦ ਤਕ ਕੁਝ ਤਾਕਤਵਰ ਲੋਕ ਭਾਰਤੀ
ਜਨਤਾ ਦੇ ਮਿਹਨਤ ਕਸ਼ ਲੋਕਾਂ ਨੂੰ ਤੇ ਉਹਨਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ।
ਉਹ ਲੁਟੇਰੇ ਭਾਵੇਂ ਅੰਗਰੇਜ ਹੋਣ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋ ਹੋਣ'' 8

ਅਖੀਰ ਸਜ਼ਾ ਦਾ ਦਿਨ ਨੇੜੇ ਆ ਜਾਣ ਕਾਰਨ ਅੰਗਰੇਜ ਹਕੂਮਤ ਵਧੇਰੇ ਚੌਕਸ ਹੋ ਜਾਂਦੀ ਹੈ ਤੇ ਜਨਤਾ ਦੇ ਰੋਹ ਤੋਂ ਡਰਦੀ ਹੋਈ ਫ਼ਾਂਸੀ ਨਿਸ਼ਚਤ ਸਮੇਂ ਤੋਂ ਪਹਿਲਾਂ ਹੀ ਦੇਣ ਦੇ ਹੁਕਮ ਦੇ ਦਿੰਦੀ ਹੈ। ਜਿਸ ਦੇ ਤਹਿਤ ਫ਼ਾਂਸੀ ਸਵੇਰ ਦੇ ਸਮੇਂ ਦੇ ਬਜਾਏ 23 ਮਾਰਚ 1931 ਨੂੰ ਸ਼ਾਮ ਦੇ ਸੱਤ ਵਜੇ ਦੇ ਦਿੱਤੀ ਜਾਂਦੀ ਹੈ। ਘਬਰਾਈ ਹੋਈ ਹਕਮੂਤ ਤਿੰਨਾਂ ਲਾਸ਼ਾਂ ਨੂੰ ਵਾਰਸਾਂ ਨੂੰ ਦੇਣ ਦੀ ਬਜਾਏ ਚੋਰ ਹੋਰ ਦਰਵਾਜੇ ਰਾਹੀਂ ਸਤਲਜ ਦਰਿਆ ਦੇ ਕਿਨਾਰੇ ਤੇ ਖੁਰਦ-ਬੁਰਦ ਕਰ ਦਿੰਦੀ ਹੈ ।

ਮਹਾਨ ਸ਼ਹੀਦ ਭਗਤ ਸਿੰਘ ਤੇ ਉਸਦੇ ਨਾਲ ਰਾਜਗੁਰੂ ਸੁਖਦੇਵ ਅੰਤਿਮ ਸਮੇਂ 'ਇਨਕਲਾਬ ਜ਼ਿੰਦਾਬਾਦ' 'ਬਰਤਾਨਵੀਂ ਸਾਮਰਾਜ ਮੁਰਦਾਬਾਦ' ਨਾਅਰੇ ਲਾਉਂਦੇ ਅਤੇ ਭਗਤੀ ਦੇ ਗੀਤ ਗੁਣ-ਗੁਣਾਉਂਦੇ ਹੱਸਦੇ-ਹੱਸਦੇ ਫਾਂਸੀ ਦੇ ਰੱਸੇ ਨੂੰ ਚੁੰਮਦੇ ਹਨ ਤੇ ਆਪ ਆਪਣੇ ਗਲਾਂ ਵਿਚ ਪਾਉਂਦੇ ਹਨ। ਭਗਤ ਸਿੰਘ ਜੇਲ੍ਹ ਅਧਿਕਾਰੀਆਂ ਦੀਆਂ ਅੱਖਾਂ ਵਿਚ ਤੱਕਦਾ ਹੋਇਆ ਇਹ ਸਤਰਾਂ ਅਲਾਪਦਾ ਹੈ ...

'' ਤੇਗੋਂ ਕੇ ਸਾਏ ਮੇ, ਹਮ ਪਲ ਕਰ ਜਵਾਂ ਹੁਏ ਹੈਂ,
ਇੱਕ ਖੇਲ ਜਾਨਤੇ ਹੈਂ, ਫਾਂਸੀ ਪੇ ਝੂਲ ਜਾਨਾਂ''9

ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਜੀਵਨ ਤੇ ਸ਼ੰਘਰਸ਼ ਗਾਥਾਂ ਨੂੰ ਜਾਨਣ ਦੀ ਹਰ

INNOVATIVE RESEARCH ORGANISATION
International Journal of Advanced Research in Education, Technology & Management
(Scholarly Peer Review Publishing System)

ਇੱਕ ਨੂੰ ਇੱਛਾ ਹੁੰਦੀ ਹੈ ਭਾਵੇਂ ਉਹ ਸਾਡੇ ਮਨਾਂ ਦੇ ਬਹੁਤ ਨੇੜੇ ਹਨ ਪਰ ਉਨ੍ਹਾਂ ਨੂੰ ਪੂਰੀ ਤਰ੍ਹਾਂ

ਸਮਝਣਾ ਬਹੁਤ ਹੀ ਜ਼ਰੂਰੀ ਹੈ ਤਾਂ ਜੋ ਜਿਹੜੀਆਂ ਪੱਕੀਆਂ ਨੀਹਾਂ ਉਹ ਉਸਾਰ ਗਏ ਹਨ।, ਉਨ੍ਹਾਂ ਉਤੇ ਉਨ੍ਹਾਂ ਦੇ ਆਕੀਦੇ ਦਾ ਹੀ ਸਮਾਜ ਸਿਰਜਿਆ ਜਾ ਸਕੇ। ਅੱਜ ਦੇ ਦੌਰ ਵਿਚ ਹਰ ਪਾਸੇ ਨਿਰਾਸ਼ਾ ਛਾਈ ਹੋਈ ਹੈ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਤੋਂ ਪ੍ਰੇਰਨਾ ਲੈ ਕੇ ਅੱਗੇ ਭਵਿੱਖ ਦੀਆਂ ਮੰਜ਼ਿਲਾਂ ਨੂੰ ਸਰ ਕੀਤਾ ਜਾ ਸਕਦਾ ਹੈ ਜਿਵੇਂ ਭਗਤ ਸਿੰਘ ਨੇ 19 ਸਾਲ ਦੇ ਮਹਾਨ ਇਨਕਲਾਬੀ ਕਰਤਾਰ ਸਿੰਘ ਸਰਾਭੇ ਤੋਂ ਪ੍ਰੇਰਨਾ ਲਈ ਅਤੇ ਆਪੇ ਵਿਚ ਯਕੀਨ ਨੂੰ ਦ੍ਰਿੜਾਇਆ ਅਤੇ ਉਸ ਤਰ੍ਹਾਂ ਦੀ ਜੀਵਨ ਜਾਚ ਜੀ ਕੇ ਨਵੇਂ ਪੈਂਤੜੇ ਪਾਏ।

ਮਹਾਨ ਲੋਕ-ਨਾਇਕ ਸ਼ਹੀਦ ਭਗਤ ਸਿੰਘ ਦੀ ਜੋ ਸਖ਼ਸ਼ੀਅਤ ਲੋਕ ਮਨਾਂ ਵਿਚ ਵਸੀ ਹੋਈ ਹੈ ਉਸਦੀ ਹੂ-ਬ-ਹੂ ਪੇਸ਼ਕਾਰੀ ਨਾਵਲਕਾਰ ਨੇ ਆਪਣੇ ਨਾਵਲ ਵਿਚ ਕੀਤੀ। ਉਹ ਆਪਣੇ ਮਕਸਦ ਵਿਚ ਕਾਫ਼ੀ ਹੱਦ ਤੱਕ ਸਫਲ ਰਿਹਾ ਪ੍ਰਤੀਤ ਹੁੰਦਾ ਹੈ। ਅਖ਼ੀਰ ਵਿਚ ਭਗਤ ਸਿੰਘ ਕ੍ਰਾਂਤੀਕਾਰੀ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ ਪਰ ਅਧੂਰੀ ਰਹਿ ਜਾਣ ਕਾਰਨ ਉਹ ਪੰਨਾ ਮੋੜ ਦਿੰਦਾ ਹੈ। ਉਸ ਦੁਆਰਾ ਅਜਿਹਾ ਕਰਨਾ ਇਕ ਤਰ੍ਹਾਂ ਨੌਜਵਾਨ ਪੀੜ੍ਹੀ ਲਈ ਸੰਕੇਤ ਹੈ ਤਾਂ ਜੋ ਉਸਦੇ ਅਧੂਰੇ ਸੁਪਨੇ ਨੂੰ ਪੂਰਾ ਕਰਨ ਲਈ ਉਹ ਅਜ਼ਾਦੀ ਦੇ ਸੰਘਰਸ਼ ਨੂੰ ਜਾਰੀ ਰੱਖਣ ਤੇ ਅਧੂਰੀ ਜੰਗ ਨੂੰ ਪੂਰਾ ਕਰਕੇ ਉਸਦੇ ਸੁਪਨਿਆਂ ਦੇ

INNOVATIVE RESEARCH ORGANISATION
International Journal of Advanced Research in Education, Technology & Management
*(Scholarly Peer Review Publishing System)*

ਸਮਾਜਵਾਦੀ ਸਮਾਜ ਦੀ ਨੀਂਹ ਰੱਖ ਸਕਣ।

## ਹਵਾਲੇ ਤੇ ਟਿੱਪਣੀਆਂ

1. ਬਲਦੇਵ ਸਿੰਘ , ਸਤਲੁਜ ਵਹਿੰਦਾ ਰਿਹਾ, ਪੰਨਾ-8
2. ਜੁਗਿੰਦਰ ਸਿੰਘ ਨਹਿਰੂ, ਨਾਵਲ ਦੀ ਵਿਧਾ, ਪੰਨਾ-35
3. ਬਲਦੇਵ ਸਤਲੁਜ ਵਹਿੰਦਾ ਰਿਹਾ, ਪੰਨਾ-31
4. ਉਹੀ, ਪੰਨਾ-226
5. ਉਹੀ, ਪੰਨਾ-551
6. ਉਹੀ, ਪੰਨਾ-508
7. ਉਹੀ ਪੰਨਾ-502
8. ਉਹੀ ਪੰਨਾ-551
9. ਉਹੀ ਪੰਨਾ- 562

## ਪੁਸਤਕ ਸੂਚੀ

ਜੁਗਿੰਦਰ ਸਿੰਘ ਨਹਿਰੂ, ਨਾਵਲ ਦੀ ਵਿਧਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਬਲਦੇਵ ਸਿੰਘ, ਸਤਲੁਜ ਵਹਿੰਦਾ ਰਿਹਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007